743 — 20

ਪੰਜਾਬ ਸਰਕਾਰ

ਅਨੁਸੂਚਿਤ ਜਾਤੀਆਂ ,ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ, ਪੰਜਾਬ

( ਵਿਸ਼ੇਸ਼ ਸੈਲ ਭਲਾਈ-1)

## ਦਫਤਰੀ ਹੁਕਮ

1. ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿਤ ਕਾਰਪੋਰੇਸ਼ਨ ... ਪੰਜਾਬ ਪੱਛੜੀਆਂ ਸ਼੍ਰੇਣੀਆ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਕਰਜਦਾਰਾ ਦੇ 50,000/- ਰੁਪਏ ਤੱਕ ... ਕਰਜਿਆ ਵਿਚ ਪ੍ਰਤੀ ਕਰਜਦਾਰ 50,000/-ਰੁਪਏ ਤੱਕ ਦੀ ਕਰਜਾ ਰਾਹਤ ਸਕੀਮ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੰਦੇ ਹਨ:-

(i) ਮਿਤੀ 31.3.2017 ਤੱਕ ਜਿਸ ਕਰਜਦਾਰ ਨੂੰ 50,000/- ਰੁਪਏ ਜਾਂ ਇਸ ਤੋਂ ਘੱਟ ਦਾ ਕਰਜਾ ... ਗਿਆ ਹੈ ਉਹ ਹੀ ਇਸ ਸਕੀਮ ਤਹਿਤ ਕਵਰ ਹੋਵੇਗਾ।

(ii) ਸਕੀਮ ਤਹਿਤ ਮਾਫ ਕੀਤੀ ਜਾਣ ਵਾਲੀ ਰਾਸ਼ੀ ਵੱਧ ਤੋ ਵੱਧ 50,000/- ਰੁਪਏ ਪ੍ਰਤੀ ਕਰਜਦਾਰ ਹੋਵੇਗੀ

(iii) ਮਾਫ ਕੀਤੀ ਜਾਣ ਵਾਲੀ ਰਾਸ਼ੀ ਦਾ ਬਕਾਇਆ ਰਾਸ਼ੀ ਨਾਲ ਕੋਈ ਸਬੰਧ ਨਹੀ ਹੋਵੇਗਾ , ਸ਼ਰਤ ਇਹ ਹੈ ਕਿ ਲਾਭਪਾਤਰੀ ਨੂੰ ਦਿੱਤਾ ਗਿਆ ਕਰਜਾ 50,000/- ਰੁਪਏ ਜਾਂ ਉਸ ਤੋਂ ਘੱਟ ਹੋਣਾ ਚਾਹੀਦਾ ਹੈ।

(iv) ਮਾਫੀ ਉਪਰੰਤ ਬਾਕੀ ਦੀ ਬਚਦੀ ਕਰਜਾ ਰਾਸ਼ੀ ਕਰਜਦਾਰ ਵੱਲੋ ਸਮੇਤ ਵਿਆਜ ਜਮਾਂ ਕਰਵਾਉਣ ਤੋਂ ਬਾਅਦ ਹੀ ਉਸਨੂੰ ਬੇ-ਬਾਕੀ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ।

(v) ਮਾਫੀ ਉਪਰੰਤ ਕਰਜਦਾਰਾਂ ਨੂੰ ਬੇ-ਬਾਕੀ ਸਰਟੀਫਿਕੇਟ ਉਦੋਂ ਹੀ ਜਾਰੀ ਕੀਤਾ ਜਾਵੇਗਾ ਜਦੋਂ ਪੰਜਾਬ ਸਰਕਾਰ ਵੱਲੋਂ ਮਾਫ ਕੀਤੀ ਰਾਸ਼ੀ ਦੀ ਪ੍ਰਤੀਪੂਰਤੀ ਕਾਰਪੋਰੇਸ਼ਨ ਨੂੰ ਕਰ ਦਿੱਤੀ ਜਾਵੇਗੀ।

(vi) ਮਾਫ ਕੀਤੀ ਜਾਣਵਾਲੀ ਪੂਰੀ ਰਾਸ਼ੀ ਦੀ ਪ੍ਰਤੀ ਪੂਰਤੀ ਪੰਜਾਬ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ ... ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ... ਕੀਤੀ ਜਾਵੇਗੀ।

(vii) ਮਾਫੀ ਸਬੰਧੀ ਵਿਆਜ/ਦੰਡ ਵਿਆਜ ਕੈਲਕੁਲੇਟ ਕਰਨ ਲਈ ਕੱਟ ਆਫ ਮਿਤੀ 31.3.2017 ਮੰਨੀ ਜਾਵੇਗੀ

(viii) ਜਿਨ੍ਹਾਂ ਕਰਜਦਾਰਾਂ ਵੱਲੋਂ ਵਸੂਲੀ ਸਬੰਧੀ ਕਾਰਪੋਰੇਸ਼ਨ ਵਿਰੁਧ ਸਿਵਲ ਕੋਰਟ ਕੇਸ ਦਾਇਰ ਕੀਤੇ ਹੋਏ ... ਨੂੰ ਮਾਫੀ ਦਾ ਲਾਭ ਉਦੋਂ ਹੀ ਦਿੱਤਾ ਜਾਵੇਗਾ ਜੇਕਰ ਉਹ ਦਾਇਰ ਕੀਤੇ ਕੇਸ ਬਿਨ੍ਹਾਂ ਸ਼ਰਤ ਵਾਪਿਸ ਲੈਣ।

(ix) ਸਕੀਮ ਤਹਿਤ ਮਾਫੀ ਦੇਣ ਸਬੰਧੀ ਕੋਈ ਡਿਸਪਿਊਟ ਹੋਵੇਗਾ ਤਾਂ ਉਸ ਸਬੰਧੀ ਫੈਸਲਾ ਲੈਣ ਲਈ ... ਅਧਿਕਾਰੀ ਕਾਰਪੋਰੇਸ਼ਨ ਦੇ ਕਾਰਜਕਾਰੀ ਡਾਇਰੈਕਟਰ ਹੋਣਗੇ।

(x) ਮਾਫੀ ਸਕੀਮ ਲਾਗੂ ਹੋਣ ਉਪਰੰਤ ਕਾਰਪੋਰੇਸ਼ਨ ਦੇ ਵਿਨਿਯਮ ਇਸ ਸਕੀਮ ਦੀਆਂ ਸ਼ਰਤਾਂ ਅਨੁਸਾਰ ਸਮਝੇ ਜਾਣਗੇ।

(xi) ਸਕੀਮ ਤਹਿਤ ਜੇਕਰ ਕੋਈ ਲੀਗਲ ਡਿਸਪਿਊਟ ਹੋਵੇਗਾ ਤਾਂ ਕਾਨੂੰਨੀ ਕਾਰਵਾਈ ਕਰਨ ਲਈ ਅਧਿਕਾਰ ਖੇਤਰ ਸਿਰਫ ਚੰਡੀਗੜ੍ਹ ਹੀ ਹੋਵੇਗਾ।

2. ਇਹ ਦਫਤਰੀ ਹੁਕਮ ਵਿੱਤ ਵਿਭਾਗ ਦੇ ਅੰਤਰ ਵਿਭਾਗੀ ਪੱਤਰ ਨੰ 15/55/2006-...

ਅੰਤਰ ਵਿਭਾਗੀ ਪੱਤਰ ਨੰਬਰ 01/55/2018-1ਕੈਬਨਿਟ/1747 ਮਿਤੀ: 22.3.2018 ਰਾਹੀ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ: 22.3.2018 ਵਿਚ ਦਿੱਤੀ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤੇ ਜਾਂਦੇ ਹਨ।

ਮਿਤੀ, ਚੰਡੀਗੜ੍ਹ:
27.03.2018

ਆਰ.ਵੈਂਕਟ ਰਤਨਮ
ਪ੍ਰਮੁੱਖ ਸਕੱਤਰ
ਅਨੁਸੂਚਿਤ ਜਾਤੀਆਂ ,ਪਛੜੀਆਂ ਸ੍ਰੇਣੀਆਂ
ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ

ਪਿਠਅੰਕਣ ਨੰ: 4/1/2017-2ਵਿਭਸ1(ਪੰਫ)/1/1199776/2 ਮਿਤੀ, ਚੰਡੀਗੜ੍ਹ 28-03-2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ,ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ,ਪੰਜਾਬ ਚੰਡੀਗੜ੍ਹ।
2. ਕਾਰਜਕਾਰੀ ਡਾਇਰੈਕਟਰ, ਪੰਜਾਬ ਅਨੁਸੂਚਿਤ ਜਾਤੀਆਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ,ਚੰਡੀਗੜ੍ਹ
3. ਕਾਰਜਕਾਰੀ ਡਾਇਰੈਕਟਰ, ਪੰਜਾਬ ਪੱਛੜੀਆਂ ਸ੍ਰੇਣੀਆ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ,ਚੰਡੀਗੜ੍ਹ

ਅਧੀਨ ਸਕੱਤਰ

ਪਿਠਅੰਕਣ ਨੰ: 4/1/2017-2ਵਿਭਸ1(ਪਫ)/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ ਵਿੱਤ ਵਿਭਾਗ ਨੂੰ ਅੰਤਰ ਵਿਭਾਗੀ ਪੱਤਰ ਨੰ: 2006-5ਵਿਥੌ6/53 ਮਿਤੀ: 21.3.2018 ਦੇ ਹਵਾਲੇ ਵਿਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਪਿਠਅੰਕਣ ਨੰ: 4/1/2017-2ਵਿਭਸ1(ਪਫ)/ ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਅਧੀਨ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਨ੍ਹਾਂ ਦੇ ਅੰਤਰ ਵਿਭਾਗ ਪੱਤਰ ਨੰਬਰ 01/55/2018-1ਕੈਬਨਿਟ/1747 ਮਿਤੀ: 22.3.2018 ਦੇ ਹਵਾਲੇ ਵਿੱਚ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਅਧੀਨ ਸਕੱਤਰ